ੴ ਵਾਹਿਗੁਰੂ ਜੀ ਕੀ ਫਤਿਹ ॥
ਮਲੇਸ਼ੀਅਨ ਗੁਰਦੁਆਰਾ ਕੌਂਸਲ
MAJLIS GURDWARA MALAYSIA
MALAYSIAN GURDWARAS COUNCIL
No.7A, Jalan Haji Salleh Sentul, 51100 Kuala Lumpur
Tel : 603-4050 2329 Fax : 603-4043 5028
Email : gurdwaracouncil@gmail.com (Reg, No: 777/88)

੨੦-੧੦-੨੦੧੬

ਪਰਧਾਨ / ਸਕੱਤਰ
ਗੁਰਦੁਆਰਾ ਸਾਹਿਬ..............................

ਮਾਨਯੋਗ ਸਰਦਾਰ / ਸਰਦਾਰਨੀ ਜੀਉ,

ਵਾਹਿਗੁਰੂ ਜੀ ਕਾ ਖਾਲਸਾ,
ਵਾਹਿਗੁਰੂ ਜੀ ਕੀ ਫਤਿਹ।

ਵਿਸ਼ਾ: "ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ॥"
ਇੱਕ ਸਾਲ ਲਈ ਸਿੱਖੀ ਪ੍ਰਚਾਰ ਮੁਹਿੰਮ ਸ਼ੁਰੂ
(੨੦/੧੦/੨੦੧੬ - ੨੦/੧੦/੨੦੧੭)

We refer to our letter dated 19th Sept 2016 (copy attached)

ਮਲੇਸ਼ੀਅਨ ਗੁਰਦੁਆਰਾ ਕੌਂਸਲ ਕੁਝ ਚਿਰ ਤੋਂ ਮਹਿਸੂਸ ਕਰ ਰਹੀ ਹੈ ਕਿ ਮਲੇਸ਼ੀਆ ਵਿੱਚ ਸਿੱਖੀ ਗੁਰਮਤ ਪ੍ਰਚਾਰ ਦੀ ਬਹੁਤ ਲੋੜ ਹੈ। ਇਸ ਲੋੜ ਨੂੰ ਮੁੱਖ ਰੱਖ ਕੇ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆ ਰਹੇ ੩੫੦ ਸਾਲਾ ਜਨਮ ਉਤਸਵ ਨਾਲ ਸਬੰਧਤ ਅੱਜ ਮਿਤੀ ੨੦.੧੦.੨੦੧੬ ਨੂੰ ਗੁਰਦੁਆਰਾ ਸਾਹਿਬ ਸੈਂਟੁਲ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਅਰਦਾਸ ਕਰ ਕੇ ਇਹ ਉਪਰੋਕਤ ਮੁਹਿੰਮ ਸ਼ੁਰੂ ਕੀਤੀ ਗਈ ਹੈ।

ਗੁਰੂ ਮਹਾਰਾਜ ਜੀ ਦਾ ਹੁਕਮਨਾਮਾ ਵੀ ਬੜਾ ਢੁਕਵਾਂ ਸੀ ਜੋ ਕਿ ਇਸ ਪ੍ਰਕਾਰ ਹੈ:
" ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ॥
ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ॥ "......

(ਗੁਰੂ ਗ੍ਰੰਥ ਸਾਹਿਬ ਜੀ ਅੰਗ ੬੦੧/ ੬੦੨)

ਭਾਵ ਅਰਥ: ਜੋ ਭੀ ਇਨਸਾਨ ਆਪਣੇ ਆਪ ਨੂੰ ਸਿੱਖ ਅਖਵਾਉਂਦਾ ਹੈ ਉਸ ਨੂੰ ਹਮੇਸ਼ਾਂ ਗੁਰੂ ਗ੍ਰੰਥ ਸਾਹਿਬ ਜੀ ਦੇ ਦੱਸੇ ਰਾਹ ਦੀ ਸੇਧ ਤੇ ਚੱਲਣਾ ਚਾਹੀਦਾ ਹੈ। ਜੋ ਆਪਣੀ ਮੱਤ ਅਨੁਸਾਰ ਚੱਲੇਗਾ ਉਹ ਹਮੇਸ਼ਾਂ ਗੁਰੂ ਤੋਂ ਵਿਛੜ ਕੇ ਤੇ ਦੂਰ ਰਹਿ ਕੇ ਮੁਸ਼ਕਲਾਂ ਵਿੱਚ ਫਸਿਆ ਰਹੇਗਾ।

ਮਲੇਸ਼ੀਅਨ ਗੁਰਦੁਆਰਾ ਕੌਂਸਲ ਵੱਲੋਂ ਸਭ ਸੰਗਤਾਂ ਅਤੇ ਖਾਸ ਕਰਕੇ ਗੁਰਦੁਆਰਾ ਪ੍ਰਬੰਧਕਾਂ ਪਾਸ ਬੇਨਤੀ ਹੈ ਕਿ ਉਹ ਵਧ ਚੜ੍ਹ ਕੇ ਇਸ ਪਰਚਾਰ ਵਿੱਚ ਹਿੱਸਾ ਪਾਉਣ ਅਤੇ ਸਰਬੱਤ ਦੇ ਭਲੇ ਲਈ ਇਸ ਮੁਹਿੰਮ ਨੂੰ ਕਾਮਯਾਬ ਬਣਾਉਣ।

ਇਸ ਦੇ ਸਬੰਧ ਵਿਚ ਗੁਰਦੁਆਰਾ ਕੌਂਸਲ ਵਲੋਂ ਮਿਤੀ ੧੯/੯/੨੦੧੬ ਨੂੰ ਭੇਜੀ ਗਈ ਚਿੱਠੀ ਵਿੱਚ ਵਿਸਥਾਰ ਕੀਤਾ ਗਿਆ ਹੈ। ਇਸ ਲਈ ਗੁਰਦੁਆਰਿਆਂ ਦੇ ਪ੍ਰਬੰਧਕਾਂ ਪਾਸ ਸਨਿੰਮਰ ਬੇਨਤੀ ਹੈ ਕਿ ਉਹ ਆਪੋ ਆਪਣੇ ਗੁਰਦੁਆਰਿਆਂ ਵਿੱਚ ੨੦-੧੦-੨੦੧੬ ਤੋਂ ੨੦-੧੦-੨੦੧੭ ਤਕ ਸਿੱਖੀ ਪਰਚਾਰ ਜਾਰੀ ਰੱਖਣ। ਇਹ ਸਾਰਾ ਪਰਚਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਤੇ ਸਿੱਖ ਰਹਿਤ ਮਰਯਾਦਾ ਤੇ ਅਧਾਰਤ ਹੋਵੇ।

ਇਸੇ ਸਬੰਧ ਵਿੱਚ ਸਾਰੇ ਹੀ ਗੁਰਦੁਆਰਿਆਂ ਨੂੰ ਵੱਡੇ ਪੋਸਟਰ ਭੇਜੇ ਜਾ ਰਹੇ ਹਨ ਜਿਹੜੇ ਜ਼ਰੂਰ ਹੀ ਹਰ ਗੁਰਦੁਆਰੇ ਵਿੱਚ ਲਾਏ ਜਾਣ ਤਾਂ ਕਿ ਆਪਣਾ ਉਤਸ਼ਾਹ ਵਧਦਾ ਜਾਏ ਤੇ ਆਪਾਂ ਸਾਰੇ ਇਸ ਪ੍ਰਚਾਰ ਵਿੱਚ ਜੁੜੇ ਰਹੀਏ।

ਧੰਨਵਾਦ ਸਹਿਤ

...................................

**ਜਗੀਰ ਸਿੰਘ**
**ਪਰਧਾਨ**
**ਮਲੇਸ਼ੀਅਨ ਗੁਰਦੁਆਰਾ ਕੌਂਸਲ**